ਇੱਥੇ ਹੋਰ ਭਾਸ਼ਾਵਾਂ ਵਿਚ ਉਪਲਬੱਧ ਹੈ www.AgeX.uk

# AgeX ਟਰਾਇਲ

## 50 ਸਾਲ ਤੋ ਘੱਟ ਅਤੇ 70 ਸਾਲ ਤੋ ਵੱਧ ਉਮਰ ਦੀਆਂ ਕੁਝ ਔਰਤਾਂ ਨੂੰ ਸ਼ਾਮਲ ਕਰਨ ਲਈ ਛਾਤੀਆਂ ਦੀ ਜਾਂਚ ਲਈ ਉਮਰ ਦੀ ਰੇਂਜ ਨੂੰ ਵਧਾਉਣ ਲਈ ਪ੍ਰੀਖਣ

## ਤੁਹਾਨੂੰ ਇਹ ਪਰਚਾ ਕਿਉਂ ਭੇਜਿਆ ਗਿਆ ਹੈ?

50 ਤੋ 70 ਸਾਲ ਤੱਕ ਦੀਆਂ ਔਰਤਾਂ ਨੂੰ ਯੂ ਕੇ (UK) ਵਿਚ ਆਮ ਤੌਰ ਤੇ ਹਰ ਤਿਨ ਸਾਲਾਂ ਬਾਅਦ ਛਾਤੀਆਂ ਦੀ ਜਾਂਚ ਲਈ ਬੁਲਾਇਆ ਜਾਂਦਾ ਹੈ।

ਇਹ ਪਰਚਾ ਤੁਹਾਨੂੰ ਇਕ ਖੋਜ ਅਧਿਐਨ* ਬਾਰੇ ਦੱਸਦਾ ਹੈ ਜੋ ਕਿ ਇੰਗਲੈਂਡ ਦੇ ਬਹੁਤੇ ਹਿੱਸੇ ਵਿਚ ਹੋ ਰਹੀ ਹੈ ਅਤੇ ਇਹ 50 ਤੋ 70 ਸਾਲ ਦੀ ਉਮਰ ਦੀ ਰੇਂਜ ਤੋ ਥੋੜੀ ਘੱਟ ਜਾਂ ਵੱਧ ਉਮਰ ਦੀਆਂ ਔਰਤਾਂ ਤੱਕ ਛਾਤੀਆਂ ਦੀ ਜਾਂਚ ਦਾ ਵਿਸਤਾਰ ਕਰਨ ਤੇ ਹੋਣ ਵਾਲੇ ਜ਼ੋਖਮਾਂ ਅਤੇ ਲਾਭਾਂ ਦੇ ਬਾਰੇ ਹੈ।

ਜੇ ਤੁਹਾਡੀ ਉਮਰ 50 ਤੋ 70 ਸਾਲ ਦੇ ਵਿਚਕਾਰ ਹੈ ਤਾਂ ਤੁਹਾਨੂੰ ਪ੍ਰੀਖਣ ਦੇ ਵਿਚ ਭਾਗ ਲੈਣ ਲਈ ਸੱਦਾ ਨਹੀ ਦਿੱਤਾ ਜਾ ਰਿਹਾ ਹੈ ਸਗੋ ਤੁਹਾਨੂੰ ਛਾਤੀਆਂ ਦੀ ਨਿਯਮਤ ਜਾਂਚ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਤੁਹਾਨੂੰ ਇਸ ਪੱਤਰ ਨੂੰ ਅੱਗੇ ਪੜ੍ਹਨ ਦੀ ਜ਼ਰੂਰਤ ਨਹੀ ਹੈ।

**ਜੇ ਤੁਹਾਨੂੰ ਉਮਰ 50 ਸਾਲ ਤੋ ਘੱਟ ਹੈ ਜਾਂ ਜੇ ਤੁਸੀ 71 ਸਾਲ ਜਾਂ ਵੱਧ ਉਮਰ ਦੇ ਹੋ, ਤਾਂ ਅਸੀ ਤੁਹਾਨੂੰ ਇਸ ਪ੍ਰੀਖਣ ਦੇ ਹਿੱਸੇ ਵੱਜੋ ਸਕ੍ਰੀਨਿੰਗ ਲਈ ਸੱਦਾ ਦੇ ਰਹੇ ਹਾਂ। ਕਿਰਪਾ ਕਰਕੇ ਇਸ ਜਾਣਕਾਰੀ ਸ਼ੀਟ ਨੂੰ ਪੜ੍ਹੋ।**

*ਰਾਸ਼ਟਰ ਪੱਧਰੀ ਕਲੱਸਟਰ-ਇੰਗਲੈਂਡ ਵਿਚ ਛਾਤੀਆਂ ਦੀ ਸਕ੍ਰੀਨਿੰਗ ਲਈ ਉਮਰ ਦੀ ਰੇਂਜ ਨੂੰ ਵਧਾਉਣ ਲਈ ਬੇਤਰਤੀਬਾ ਪ੍ਰੀਖਣ; AgeX ਪ੍ਰੀਖਣ (ਪਹਿਲਾਂ ਏਜ ਐਕਸਟੈਨਸ਼ਨ ਟਰਾਇਲ (Age Extension Trial) ਕਿਹਾ ਜਾਂਦਾ ਸੀ, ਜਿਸ ਦਾ ਮੂਲ ਨੈਤਕਿ ਮੰਜੂਰੀ ਹਵਾਲਾ 10/H0710/9, ਅਤੇ ਚਲੰਤ ਨੈਤਕਿ ਸਵੀਕ੍ਰਤੀ ਦੀ 2018 ਵਿਚ ਪੁਸ਼ਟੀ ਕੀਤੀ ਗਈ)।

## ਸਾਨੂੰ ਪ੍ਰੀਖਣ ਦੀ ਜ਼ਰੂਰਤ ਕਉਿਂ ਹੈ?

ਜਦੋਕਿ ਅਸੀ ਤਕਰੀਬਨ 50 ਤੋ 70 ਸਾਲ ਤੱਕ ਦੀ ਉਮਰ ਦੀਆਂ ਔਰਤਾਂ ਵਚਿ ਛਾਤੀਆਂ ਦੀ ਸਕ੍ਰੀਨਗਿ ਦੇ ਪ੍ਰਭਾਵਾਂ ਬਾਰੇ ਕਾਫ਼ੀ ਜਾਣਦੇ ਹਾਂ, ਪਰ 50 ਸਾਲ ਤੋ ਕੁਝ ਘੱਟ ਜਾਂ 70 ਸਾਲ ਦੀ ਉਮਰ ਤੋ ਕੁਝ ਵੱਧ ਉਮਰ ਦੀਆਂ ਔਰਤਾਂ ਵਚਿ ਇਨ੍ਹਾਂ ਦੇ ਪ੍ਰਭਾਵਾਂ ਬਾਰੇ ਕਾਫ਼ੀ ਸਬੂਤ ਮੌਜੂਦ ਨਹੀ ਹਨ। ਇਹ ਪ੍ਰੀਖਣ ਇਨ੍ਹਾਂ ਕੁਝ ਘੱਟ ਉਮਰ ਦੀਆਂ ਅਤੇ ਕੁਝ ਵੱਧ ਉਮਰ ਦੀਆਂ ਔਰਤਾਂ ਵਚਿ ਸਕ੍ਰੀਨਗਿ ਦੇ ਜ਼ੋਖਮਾਂ (ਖਾਸ ਤੌਰ ਤੇ, ਜੀਵਨ ਨੂੰ ਜ਼ੋਖਮ ਵਚਿ ਨਾ ਪਾਉਣ ਵਾਲੇ ਕੈਂਸਰ ਦੇ ਨਦਿਾਨ ਅਤੇ ਇਲਾਜ ਦੀਆਂ ਸੰਭਾਵਨਾਵਾਂ ਅਤੇ ਲਾਭਾਂ (ਖਾਸ ਤੌਰ ਤੇ ਜੀਵਨ ਬਚਾਉਣ ਦੀਆਂ ਸੰਭਾਵਨਾਵਾਂ) ਦਾ ਪਤਾ ਲਗਾਵਾਂਗੇ।

ਇਹ ਪ੍ਰੀਖਣ 2009 ਵਚਿ ਸ਼ੁਰੂ ਹੋਇਆ ਅਤੇ ਇਸ ਵਚਿ ਔਰਤਾਂ ਨੂੰ ਅਜੇ ਵੀ ਦਾਖਲ ਕੀਤਾ ਜਾ ਰਹਿਾ ਹੈ। 2018 ਦੇ ਅੰਤ ਤੱਕ ਤਕਰੀਬਨ ਚਾਲੀ ਲੱਖ ਤੱਕ ਔਰਤਾਂ ਪਹਲਿਾਂ ਹੀ ਸ਼ਾਮਲ ਸਨ, ਅਤੇ ਅਖੀਰ ਵਚਿ ਇਹ ਗਣਿਤੀ ਹੋਰ ਜ਼ਆਿਦਾ ਹੋਵੇਗੀ। ਵੈਸੇ, ਜਵਿੇਂ ਕਿ 50 ਤੋ 70 ਸਾਲ ਦੀ ਉਮਰ ਦੀਆਂ ਔਰਤਾਂ ਲਈ ਨਾਲ ਨੱਥੀ 'ਐਨ ਐਚ ਐਸ ਛਾਤੀਆਂ ਦੀ ਸਕ੍ਰੀਨਗਿ, ਨਰਿਣਾ ਕਰਨ ਵਚਿ ਤੁਹਾਡੀ ਮਦਦ ਕਰਦਆਿਂ' ('NHS breast screening, Helping you decide') ਪਰਚੇ ਵਚਿ ਦਰਸਾਇਆ ਗਆਿ ਹੈ, ਭਰੋਸੇਯੋਗ ਜਾਣਕਾਰੀ ਪ੍ਰਾਪਤ ਕਰਨ ਵਚਿ ਘੱਟੋ ਘੱਟ 2020 ਦੇ ਮੱਧ ਤੱਕ ਦਾ ਸਮਾਂ ਲੱਗ ਸਕਦਾ ਹੈ। ਇਹ ਲੱਭਤਾਂ ਇਹ ਨਰਿਣਾ ਕਰਨ ਵਚਿ ਯੂ ਕੇ (UK) ਸਰਕਾਰ ਦੀ ਮਦਦ ਕਰਨਗੀਆਂ ਕਿ ਛਾਤੀਆਂ ਦੀ ਨਯਿਮਤ ਸਕ੍ਰੀਨਗਿ ਲਈ ਉਮਰ ਦੀ ਰੇਂਜ ਨੂੰ ਵੱਡਾ ਕੀਤਾ ਜਾਵੇ ਜਾ ਨਾ।

## ਜੇ ਤੁਸੀ ਭਾਗ ਲੈਣ ਲਈ ਮੰਨ ਜਾਂਦੇ ਹੋ ਤਾਂ ਕੀ ਹੋਵੇਗਾ।

ਉਹ ਇਲਾਕਾ ਜਥਿੇ ਤੁਸੀ ਰਹਦਿੇ ਹੋ, ਅਸੀ ਉੱਥੇ ਅੱਧੀਆਂ ਔਰਤਾਂ 47 ਤੋ 49 ਸਾਲ ਤੱਕ ਦੀ ਉਮਰ ਦੀਆਂ ਅਤੇ ਅੱਧੀਆਂ ਔਰਤਾਂ 71 ਤੋ 73 ਦੀ ਉਮਰ ਦੀਆਂ ਚੁਣ ਰਹੇ ਹਾਂ ਅਤੇ ਉਨ੍ਹਾਂ ਨੂੰ ਸਕ੍ਰੀਨਗਿ ਲਈ ਸੱਦਾ ਦੇ ਰਹੇ ਹਾਂ। ਇਹ, ਔਰਤਾਂ ਦੇ ਸਮੂਹਾਂ (ਕਲੱਸਟਰਾਂ) ਨੂੰ ਬੇਤਰਤੀਬੇ ਢੰਗ ਨਾਲ ਵੰਡ ਕੇ ਕੀਤਾ ਜਾਂਦਾ ਹੈ, ਜਵਿੇਂ ਕਿ ਕਸਿ ਸਕਿੇ ਨੂੰ ਉਛਾਲ ਕੇ ਕੀਤਾ ਜਾਂਦਾ ਹੈ, ਜਾਂ ਤਾਂ ਪੂਰੇ ਸਮੂਹ ਨੂੰ ਸਕ੍ਰੀਨਗਿ ਲਈ ਬੁਲਾਇਆ ਜਾਵੇਗਾ ਜਾਂ ਪੂਰੇ ਸਮੂਹ ਨੂੰ ਸੱਦਾ ਨਹੀ ਦਤਿਾ ਜਾਵੇਗਾ। (ਇਕ ਆਮ ਕਲੱਸਟਰ ਦੇ ਵਚਿ ਕੁਝ ਦਰਜਨ ਜਾਂ ਕੁਝ ਸੌ ਔਰਤਾਂ ਸ਼ਾਮਲ ਹੋ ਸਕਦੀਆਂ ਹਨ ਜੋ ਇਕ ਦੂਜੇ ਦੇ ਨਜ਼ਦੀਕ ਰਹਦਿੀਆਂ ਹਨ।)

ਇਸ ਦੇ ਬਾਅਦ ਅਧਐਿਨ ਇਹ ਤੁਲਨਾ ਕਰ ਸਕਦਾ ਹੈ ਕਿ ਬਾਅਦ ਦੇ ਸਾਲਾਂ ਵਚਿ ਕਲੱਸਟਰ ਵਚਿਲੀਆਂ ਸਕ੍ਰੀਨਗਿ ਦੇ ਲਈ ਸੱਦਾ ਦਤਿੀਆਂ ਗਈਆਂ ਔਰਤਾਂ ਨਾਲ ਕੀ ਵਾਪਰਆਿ ਅਤੇ ਕਲੱਸਟਰ ਵਚਿਲੀਆਂ ਸੱਦਾ ਨਾ ਦਤਿੀਆਂ ਗਈਆਂ ਔਰਤਾਂ ਨਾਲ ਕੀ
ਵਾਪਰਆਿ। ਉਹ ਕੋਈ ਵੀ ਔਰਤ ਜੋ ਸੱਦੇ ਨੂੰ ਸਵੀਕਾਰ ਕਰਦੀ ਹੈ ਉਸਦੀ ਸਧਾਰਣ ਤਰੀਕੇ ਨਾਲ ਸਕ੍ਰੀਨਗਿ ਕੀਤੀ ਜਾਵੇਗੀ।

# ਸੰਭਾਵਤ ਜ਼ੋਖਮ ਅਤੇ ਲਾਭ

ਨਾਲ ਨੱਥੀ ਪਰਚਾ 'ਐਨ ਐਚ ਐਸ ਛਾਤੀਆਂ ਦੀ ਸਕ੍ਰੀਨਿੰਗ, ਨਿਰਣਾ ਕਰਨ ਵਿਚ ਤੁਹਾਡੀ ਮਦਦ ਕਰਦਿਆਂ' ('NHS breast screening, Helping you decide') ਸਕ੍ਰੀਨਿੰਗ ਦੀ ਪ੍ਰਕ੍ਰਿਆ ਬਾਰੇ ਦੱਸਦਾ ਹੈ ਅਤੇ 50 ਤੋਂ 70 ਦੀ ਉਮਰ ਵਿਚਲੀਆਂ ਔਰਤਾਂ ਦੀ ਸਕ੍ਰੀਨਿੰਗ ਦੇ ਲਾਭਾਂ ਅਤੇ ਜ਼ੋਖਮਾਂ ਬਾਰੇ ਦੱਸਦਾ ਹੈ। ਕੁਝ ਘੱਟ ਅਤੇ ਵੱਡੀ ਉਮਰ ਦੀਆਂ ਔਰਤਾਂ ਦੇ ਸਬੰਧ ਵਿਚ ਇਸ ਤਰ੍ਹਾਂ ਦੀ ਜਾਣਕਾਰੀ ਉਪਲਬੱਧ ਨਹੀ ਹੈ, ਖਾਸ ਤੌਰ ਤੇ ਉਨ੍ਹਾਂ ਦੀਰਘਕਾਲੀਨ ਲਾਭਾਂ ਬਾਰੇ ਜਾਣਕਾਰੀ ਨਹੀ ਹੈ ਜੋ ਕਿ ਸਕ੍ਰੀਨਿੰਗ ਦੁਆਰਾ ਪ੍ਰਦਾਨ ਕਰਨ ਦੀ ਆਸ ਕੀਤੀ ਜਾਂਦੀ ਹੈ।

ਭਾਵੇਂ ਕਿ ਕੈਂਸਰ ਦੇ ਪਹਿਲਾਂ ਪਤਾ ਲੱਗ ਜਾਣ ਕਾਰਨ ਇਲਾਜ ਆਸਾਨ ਹੋ ਜਾਂਦਾ ਹੈ, ਬਹੁਤੀਆਂ ਔਰਤਾਂ ਜਨ੍ਹਿਾਂ ਨੂੰ ਹੋਰ ਟੈਸਟਾਂ ਵਾਸਤੇ ਦੁਬਾਰਾ ਆਉਣ ਲਈ ਕਹਿਾ ਜਾਂਦਾ ਹੈ, ਉਨ੍ਹਾਂ ਨੂੰ ਛਾਤੀਆਂ ਦਾ ਕੈਂਸਰ ਨਹੀ ਹੋਵੇਗਾ। ਇਹ ਪ੍ਰੀਖਣ ਸਾਰੀਆਂ ਔਰਤਾਂ ਦੁਆਰਾ ਪ੍ਰਾਪਤ ਗਏ ਨਰਿੀਖਣਾਂ ਅਤੇ ਇਲਾਜਾਂ ਨੂੰ ਰਕਿਾਰਡ ਕਰੇਗਾ, ਤਾਂ ਜੋ ਕਸਿ ਤਰ੍ਹਾਂ ਦੇ ਬੇਲੋੜੇ ਇਲਾਜ ਨੂੰ ਕਰਵਾਉਣ ਦੇ ਜ਼ੋਖਮ ਦਾ ਪਤਾ ਲਗਾਇਆ ਜਾ ਸਕੇ।

50 ਸਾਲ ਦੀ ਉਮਰ ਤੋਂ ਪਹਲਿਾਂ, ਸਕ੍ਰੀਨ ਕੀਤੀਆਂ ਗਈਆਂ ਹਰ 200 ਔਰਤਾਂ ਵਚਿ 15 ਔਰਤਾਂ ਨੂੰ ਹੋਰ ਜਾਂਚਾਂ ਕਰਵਾਉਣ ਲਈ ਆਉਣ ਲਈ ਕਹਿਾ ਜਾਂਦਾ ਹੈ, ਪਰ ਔਸਤਨ ਉਨ੍ਹਾਂ ਵਚਿੋਂ ਕੇਵਲ ਇਕ ਨੂੰ ਛਾਤੀਆਂ ਦੇ ਕੈਂਸਰ ਨਾਲ ਗ੍ਰਸਤ ਪਾਇਆ ਜਾਂਦਾ ਹੈ। ਇਸ ਕਰਕੇ 50 ਸਾਲ ਦੀ ਉਮਰ ਤੋਂ ਪਹਲਿਾਂ ਹਰ 200 ਸਕ੍ਰੀਨਾਂ ਵਚਿੋਂ ਤਕਰੀਬਨ 1 ਔਰਤ ਦੇ ਵਚਿ ਛਾਤੀਆਂ ਦਾ ਕੈਂਸਰ ਪਾਇਆ ਜਾਵੇਗਾ।

70 ਦੀ ਉਮਰ ਦੇ ਬਾਅਦ ਸਕ੍ਰੀਨ ਕੀਤੀਆਂ ਗਈਆਂ 200 ਔਰਤਾਂ ਵਚਿੋਂ ਕੇਵਲ 7 ਨੂੰ ਹੋਰ ਜਾਂਚਾਂ ਲਈ ਦੁਬਾਰਾ ਆਉਣ ਲਈ ਕਹਿਾ ਜਾਂਦਾ ਹੈ, ਪਰ ਉਨ੍ਹਾਂ ਵਚਿੋਂ ਔਸਤਨ ਦੋ ਨੂੰ ਛਾਤੀਆਂ ਦੇ ਕੈਂਸਰ ਨਾਲ ਗ੍ਰਸਤ ਪਾਇਆ ਜਾਂਦਾ ਹੈ। ਇਸ ਕਰਕੇ 70 ਦੀ ਉਮਰ ਦੇ ਬਾਅਦ ਸਕ੍ਰੀਨ ਕੀਤੀਆਂ ਗਈਆਂ ਹਰ 200 ਔਰਤਾਂ ਵਚਿੋਂ 2 ਦੇ ਵਚਿ ਛਾਤੀਆਂ ਦਾ ਕੈਂਸਰ ਪਾਇਆ ਜਾਵੇਗਾ।

ਇਹ ਪਰਚਾ ਦਸਦਾ ਹੈ ਕਿ ਸਕ੍ਰੀਨਿੰਗ 50 ਤੋਂ 70 ਸਾਲ ਦੀ ਉਮਰ ਦੀਆਂ ਨਯਿਮਤ ਸਕ੍ਰੀਨਿੰਗ ਕੀਤੀਆਂ ਗਈਆਂ ਹਰ 200 ਔਰਤਾਂ ਵਚਿੋਂ ਤਕਰੀਬਨ 1 ਨੂੰ ਛਾਤੀਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਤੋਂ ਬਚਾਉਂਦੀ ਹੈ। ਕਉਿਂਕਿ ਯੂ ਕੇ (UK) ਦੀਆਂ ਔਰਤਾਂ ਨੂੰ 50 ਤੋਂ 70 ਸਾਲ ਦੀ ਉਮਰ ਦੇ ਵਚਿਕਾਰ ਤਕਰੀਬਨ 7 ਸਕ੍ਰੀਨਿੰਗਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਇਸ ਪਰਚੇ ਵਚਿ ਦੱਸਿਆ ਗਆਿ ਨੰਬਰ ਹਰ 1400 ਸਕ੍ਰੀਨਿੰਗਾਂ ਪਿੱਛੇ ਤਕਰੀਬਨ 1 ਵਅਿਕਤੀ ਦੀ ਰੋਕੀ ਗਈ ਮੌਤ ਦੇ ਬਰਾਬਰ ਹੈ।

50 ਸਾਲ ਤੋਂ ਬਲਿਕੁੱਲ ਪਹਲਿਾਂ ਅਤੇ 70 ਸਾਲ ਤੋਂ ਬਾਅਦ ਹਰ ਸਕ੍ਰੀਨਿੰਗ ਦੇ ਲਈ, ਛਾਤੀਆਂ ਦੇ ਕੈਂਸਰ ਨੂੰ ਕਾਰਨ ਹੋਣ ਵਾਲੀ ਮੌਤ ਤੋਂ ਬੱਚਣ ਦੀ ਸੰਭਾਵਨਾ 1400 ਦੇ ਪਿੱਛੇ 1 ਤੋਂ ਕੁਝ ਘੱਟ ਜਾਂ ਕੁਝ ਵੱਧ ਹੋ ਸਕਦੀ ਹੈ। ਇਸ ਪ੍ਰੀਖਣ ਨੂੰ ਇਸ ਬਾਰੇ ਭਰੋਸੇਯੋਗ ਜਾਣਕਾਰੀ ਦੇਣ ਲਈ ਤਆਿਰ ਕੀਤਾ ਗਆਿ ਹੈ ਕਿ ਇਹ ਸੰਭਾਵਨਾਵਾਂ ਅਸਲ ਵਚਿ ਕੀ ਹੋ ਸਕਦੀਆਂ ਹਨ।

## ਕਹਿੜੇ ਚਕਿਤਿਸਕ ਰਕਿਾਰਡਾਂ ਨੂੰ ਵਰਤਆਿ ਜਾਵੇਗਾ?

ਤੁਹਾਡੇ ਨਾਮ ਅਤੇ ਜਨਮ ਤਾਰੀਖ ਤਾਰੀਖ ਨਾਲ ਸਬੰਧਤ ਜਾਣਕਾਰੀ ਦੀ ਵਰਤੋਂ ਕਰਕੇ ਤੁਹਾਡੇ ਸਕ੍ਰੀਨਗਿ ਦੇ ਰਕਿਾਰਡਾਂ ਨੂੰ ਐਨ ਐਚ ਐਸ ਡਜਿੀਟਲ (NHS Digital) ਦੁਆਰਾ ਹਸਪਤਾਲਾਂ ਵਚਿ ਦਾਖਲੇ ਅਤੇ ਕੈਂਸਰ ਦੇ ਸਬੰਧ ਵਚਿ ਨਯਿਮਤ ਆਧਾਰ ਤੇ ਇਕੱਠੇ ਕਰਕੇ ਰੱਖੇ ਜਾਂਦੇ ਡਾਟਾ ਨਾਲ ਜੋੜਆਿ ਜਾਵੇਗਾ। ਇਸ ਦੇ ਨਾਲ ਖੋਜਾਰਥੀਆਂ ਅਤਰਿਕਿਤ ਸਕ੍ਰੀਨਗਿਾਂ ਨਾਲ ਸਬੰਧਤ ਜ਼ੋਖਮਾਂ ਅਤੇ ਲਾਭਾਂ ਦਾ ਮੁਲਾਂਕਣ ਕਰ ਸਕਣਗੇ।

ਇਕ ਵਾਰ ਲਕਿ ਕੀਤੇ ਜਾਣ ਤੇ, ਇਨ੍ਹਾਂ ਸਾਰੇ ਰਕਿਾਰਡਾਂ ਨੂੰ ਬੇਨਾਮ ਕਰ ਦੱਤਿਾ ਜਾਵੇਗਾ, ਇਸ ਤਰ੍ਹਾਂ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਖੋਜਾਰਥੀ ਕਸਿ ਵਅਿਕਤੀ ਦੀ ਪਛਾਣ ਨਹੀ ਕਰ ਸਕਣਗੇ। ਆਕਸਫੋਰਡ ਯੂਨੀਵਰਸਟਿੀ ਵਖਿ ਮੌਜੂਦ ਇਕ ਖੋਜੀ ਟੀਮ ਇਸ ਪ੍ਰੀਖਣ ਨੂੰ ਕਰਵਾ ਰਹੀ ਹੈ ਅਤੇ ਡਾਟਾ ਇਕੱਠਾ ਕਰ ਰਹੀ ਹੈ।

## ਜੇ ਤੁਸੀ ਭਾਗ ਨਹੀ ਲੈਣਾ ਚਾਹੁੰਦੇ ਤਾਂ ਕੀ ਹੋਵੇਗਾ?

ਜੇ ਤੁਸੀ ਇਸ ਸੱਦੇ ਨੂੰ ਸਵੀਕਾਰਨਾ ਨਹੀ ਚਾਹੁੰਦੇ, ਤਾਂ ਕਰਿਪਾ ਕਰਕੇ ਛਾਤੀਆਂ ਦੀ ਸਕ੍ਰੀਨਗਿ ਦੇ ਆਪਣੇ ਸਥਾਨਕ ਯੂਨਟਿ ਨੂੰ ਦੱਸੋ ਕਿ ਤੁਸੀ ਭਾਗ ਲੈਣ ਵਚਿ ਅਸਮਰੱਥ ਹੋ। ਜੇ ਤੁਹਾਡੀ ਉਮਰ 71 ਸਾਲ ਜਾਂ ਇਸ ਤੋ ਜ਼ਆਿਦਾ ਹੈ, ਤਾਂ ਤੁਹਾਨੂੰ ਨਯਿਮਤ ਸਕ੍ਰੀਨਗਿਾਂ ਦੇ ਲਈ ਬੁਲਾਇਆ ਜਾਵੇਗਾ ਕਉਿਂਕ ਿਇਹ 70 ਸਾਲ ਦੀ ਉਮਰ ਤੇ ਰੁਕ ਜਾਂਦੀਆਂ ਹਨ, ਪਰ ਜੇ ਤੁਸੀ ਫਰਿ ਵੀ ਸਕ੍ਰੀਨਗਿ ਕਰਵਾਉਣ ਦੀ ਇੱਛਾ ਰੱਖਦੇ ਹੋ ਤਾਂ ਤੁਸੀ ਇਸਦੀ ਮੰਗ ਕਰ ਸਕਦੇ ਹੋ। ਜੇ ਤੁਸੀ ਅਜੇ ਵੀ 50 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਵੀ ਤੁਹਾਨੂੰ 3 ਸਾਲ ਬਾਅਦ ਹੋਣ ਵਾਲੀ ਨਯਿਮਤ ਸਕ੍ਰੀਨਗਿ ਲਈ ਬੁਲਾਇਆ ਜਾਵੇਗਾ।

## ਤੁਸੀ ਇਸ ਪ੍ਰੀਖਣ ਅਤੇ ਛਾਤੀਆਂ ਦੀ ਸਕ੍ਰੀਨਗਿ ਬਾਰੇ ਹੋਰ ਜਾਣਕਾਰੀ ਕਥਿੋਂ ਪ੍ਰਾਪਤ ਕਰ ਸਕਦੇ ਹੋ?

ਹੋਰ ਵੇਰਵਆਿਂ ਦੇ ਲਈ www.AgeX.uk ਦੇਖੋ ਜਾਂ ਆਪਣੀ ਜੀ ਪੀ (GP) ਨਾਲ ਗੱਲ ਕਰੋ।
www.AgeX.uk ਪ੍ਰੀਖਣ, ਡਾਟਾ ਦੀ ਸੁਰੱਖਆਿ, ਪ੍ਰੀਖਣ ਦੀ ਜਾਣਕਾਰੀ ਨੂੰ ਕਸਿ ਤਰ੍ਹਾਂ ਸੰਭਾਲਆਿ ਅਤੇ ਵਰਤਆਿ ਜਾਂਦਾ ਹੈ, ਅਤੇ ਜੇ ਤੁਸੀ ਇੱਛਾ ਕਰਦੇ ਹੋ ਤਾਂ ਇਸ ਪ੍ਰੀਖਣ ਵਚਿੋਂ ਬਾਹਰ ਕਵਿੇਂ ਨਕਿਲਣਾ ਹੈ, ਦੇ ਬਾਰੇ ਹੋਰ ਜਾਣਕਾਰੀ ਦੰਿਦੀ ਹੈ।
www.gov.uk/topic/population-screening-programmes/breast ਐਿਨ ਐਚ ਐਸ ਬ੍ਰੈਸਟ ਸਕ੍ਰੀਨਗਿ ਪ੍ਰੋਗ੍ਰਾਮ (NHS Breast Screening Programme) ਦੇ ਬਾਰੇ ਹੋਰ ਜਾਣਕਾਰੀ ਦੰਿਦੀ ਹੈ।

ਡਪਿਾਰਟਮੈਂਟ ਆਫ਼ ਹੈਲਥ ਐਂਡ ਸੋਸ਼ਲ ਕੇਅਰ ਦੁਆਰਾ ਵੱਤਿ ਕੀਤਾ ਗਆਿ

ਇਸ ਪਰਚੇ ਦੀਆ ਹੋਰ ਕਾਪੀਆਂ ਲਈ ਆਡਰ ਦੇਣ ਲਈ ਇੱਥੇ ਦੇਖੋ:
www.gov.uk/phe/screening-leaflets

PN1949443